NEW SOUTH WALES
DEPARTMENT
OF EDUCATION
AND TRAINING

# ਸਕੂਲ ਦੀ ਸਲਾਹਕਾਰ ਸਰਵਿੱਸ
# The School Counselling Service

## ਮਾਪਿਆਂ ਅਤੇ ਸੰਭਾਲਕਾਂ ਲਈ ਜਾਣਕਾਰੀ
## Information for Parents and Carers

### ਵਿੱਦਿਆਰਥੀਆਂ ਲਈ ਵੈਲਫੇਅਰ
### Student Welfare

ਹਰ ਸਕੂਲ ਵਿਚ ਵਿਦਿਆਰਥੀਆਂ ਅਤੇ ਉਨ੍ਹਾ ਦੇ ਪ੍ਵਾਰਾਂ ਦੀ ਸਹਾਇਤਾ ਕਰਨ ਲਈ ਸਕੂਲ ਸਲਾਹਕਾਰ, ਅਧਿਆਪਕ, ਸਾਲ ਦੇ ਸਲਾਹਕਾਰ (ਯੀਅਰ ਐਡਵਾਈਸਰਸ), ਪੇਸ਼ਾ ਸਲਾਹਕਾਰ (ਕੈਰੀਅਰ ਐਡਵਾਈਸਰਸ), ਮੁਖ ਅਧਿਆਪਕ ਅਤੇ ਸੀਨੀਅਰ ਅਧਿਆਪਕ ਹੁੰਦੇ ਹਨ। ਕਈ ਸਕੂਲਾਂ ਵਿਚ ਐਬਰਿਜਨਲ ਐਡਯੂਕੇਸ਼ਨ ਅਸਿੱਸਟੈਂਟ ਜਾਂ ਕੰਮਯੂਨਿੱਟੀ ਲੀਏਸਨ ਅਫਸਰ ਵੀ ਹੁੰਦੇ ਹਨ।

ਇਹ ਸਾਰੇ ਹਿੰਸਾ ਅਤੇ ਪੱਖਪਾਤ ਤੋਂ ਰਹਿਤ ਸੁਰੱਖਿਅਤ ਸਕੂਲ ਬਣਾਉਣ ਲਈ ਯਤਨ ਕਰਦੇ ਹਨ।

ਇਹ ਸਾਰੇ ਤੁਹਾਡੀ ਅਤੇ ਤੁਹਾਡੇ ਬੱਚੇ ਦੀ ਕਈ ਤਰ੍ਹਾ ਸਹਾਇਤਾ ਕਰ ਸਕਦੇ ਹਨ।

ਸਕੂਲ ਸਲਾਹਕਾਰ ਤਜੱਰਬੇਦਾਰ ਅਧਿਆਪਕ ਹੁੰਦੇ ਹਨ, ਜਿਨ੍ਹਾ ਨੇ ਸਾਈਕੌਲਜੀ ਦੀ ਡਿੱਗਰੀ ਦੇ ਨਾਲ ਸਕੂਲ ਸਲਾਹਕਾਰ ਦੀ ਪੋਸਟ ਗਰੈਜੂਏਸ਼ਨ ਕੀਤੀ ਹੁੰਦੀ ਹੈ। ਇਹ ਪ੍ਰੀ ਸਕੂਲ ਦੇ ਵਿਦਿਆਰਥੀਆਂ ਤੋਂ ਲੈ ਕੇ ਬਾਰਵੀਂ ਤੱਕ ਦੇ ਵਿਦਿਆਰਥੀਆਂ ਅਤੇ ਉਨ੍ਹਾ ਦੇ ਪ੍ਵਾਰਾਂ ਨਾਲ ਕੰਮ ਕਰਦੇ ਹਨ।

ਡਿੱਸਟ੍ਰਿਕਟ ਗਾਈਡਨਸ ਅਫਸਰ ਵੀ ਸਕੂਲ ਸਲਾਹਕਾਰ ਦੀ ਸੇਵਾ ਪ੍ਦਾਨ ਕਰਦੇ ਹਨ ਅਤੇ ਨਾਲ ਨਾਲ ਉਹ ਸਕੂਲ ਸਲਾਹਕਾਰਾਂ ਦੀ ਟੀਮ ਦਾ ਆਪਸੀ ਤਾਲ ਮੇਲ ਰੱਖਣ ਵਿਚ ਵੀ ਸਹਾਈ ਹੁੰਦੇ ਹਨ।

ਹਰ ਇਕ ਸ੍ਰਕਾਰੀ ਸਕੂਲ ਦੀ ਸਕੂਲ ਸਲਾਹਕਾਰ ਜਾਂ ਡਿੱਸਟ੍ਰਿਕਟ ਗਾਈਡਨਸ ਅਫਸਰ ਤੱਕ ਪਹੁੰਚ ਹੁੰਦੀ ਹੈ।

### ਸਕੂਲ ਸਲਾਹਕਾਰ
### School Counsellors

ਸਕੂਲ ਸਲਾਹਕਾਰ ਵਿਦਿਆਰਥੀਆਂ, ਉਨ੍ਹਾ ਦੇ ਮਾਪਿਆਂ ਅਤੇ ਸੰਭਾਲਕਾਂ ਨਾਲ ਕਈ ਤਰ੍ਹਾ ਕੰਮ ਕਰਦੇ ਹਨ।

ਉਨ੍ਹਾ ਵਲੋਂ ਕੀਤੇ ਕੰਮਾਂ ਵਿਚੋਂ ਕੁਝ ਹਨ

- ਵਿਦਿਆਰਥੀਆਂ ਨੂੰ ਸਲਾਹ ਦੇਣੀ
- ਮਾਪਿਆਂ ਜਾਂ ਸੰਭਾਲਕਾਂ ਨੂੰ ਉਨ੍ਹਾ ਦੇ ਬੱਚਿਆਂ ਦੀ ਪੜਾਈ ਬਾਰੇ ਚੰਗੇ ਫੈਂਸਲੇ ਕਰਨ ਵਿਚ ਸਹਾਈ ਹੋਣਾ
- ਵਿਦਿਆਰਥੀਆਂ ਦੇ ਪੜਾਈ ਵੱਲ ਰਵੱਈਏ ਬਾਰੇ ਨਿਰਧਾਰਣ ਕਰਨਾ
- ਵਿਦਿਆਰਥੀਆਂ ਅੱਗੇ ਪੇਸ਼ ਆਉਣ ਵਾਲੀਆਂ ਮੁਸ਼ਕਲਾਂ ਅਤੇ ਅਯੋਗਤਾਂਵਾਂ ਜਿੱਹੜੀਆਂ ਉਨ੍ਹਾ ਦੀ ਪੜਾਈ ਵਿਚ ਵਿੱਘਨ ਪਾਉਦੀਆਂ ਹਨ, ਨੂੰ ਪਰਖਣ ਵਿਚ ਸਕੂਲਾਂ ਦੀ ਸਹਾਇਤਾ ਕਰਨੀ
- ਵਿਦਿਆਰਥੀਆਂ ਦੀ ਚੰਗੀ ਦੇਖ ਭਾਲ ਕਰਨ ਵਾਲੀਆਂ ਸੰਸਥਾਂਵਾਂ ਨਾਲ ਤਾਲਮੇਲ ਰੱਖਣਾ

ਸਕੂਲ ਸਲਾਹਕਾਰ ਸਕੂਲਾਂ ਦੇ ਸਟੂਡੈਂਟ ਵੈਲਫੇਅਰ ਅਤੇ ਲਰਨਿੰਗ ਸਪੋਰਟ ਟੀਮਾਂ ਦੇ ਮੈਂਬਰ ਹੁੰਦੇ ਹਨ। ਮਾਪਿਆਂ ਜਾਂ ਸੰਭਾਲਕਾਂ ਦੀ ਆਗਿਆ ਨਾਲ ਸਕੂਲ ਸਲਾਹਕਾਰ ਅਧਿਆਪਕਾਂ ਨੂੰ ਕੁੱਝ ਜਾਣਕਾਰੀ ਦੇ ਸਕਦੇ ਹਨ, ਜਿਸ ਦੁਆਰਾ **ਅਧਿਆਪਕ** ਵਿਦਿਆਰਥੀਆਂ ਦੀਆਂ ਲੋੜਾਂ ਨੂੰ ਚੰਗੀ ਤਰ੍ਹਾ ਪੂਰੀਆਂ ਕਰ ਸੱਕਣ।

**ਵਿਦਿਆਰਥੀ** ਆਪ ਹੀ ਸਕੂਲ ਸਲਾਹਕਾਰ ਕੋਲ ਪੇਸ਼ ਹੋ ਸਕਦੇ ਹਨ, ਜਾਂ ਉਹ ਅਧਿਆਪਕ, ਮਾਪੇ ਜਾਂ ਸੰਭਾਲਕ ਜਾਂ ਕਿਸੇ ਸਾਥੀ ਦੀ ਪ੍ਰੇਰਨਾ ਤੇ ਸਕੂਲ ਸਲਾਹਕਾਰ ਨਾਲ ਮੁਲਾਕਾਤ ਲਈ ਸਮਾ ਨੀਯਤ ਕਰ ਸਕਦੇ ਹਨ।

ਕਿਸੇ ਵਿਦਿਆਰਥੀ ਦੇ ਸਕੂਲ ਸਲਾਹਕਾਰ ਨੂੰ ਮਿੱਲਣ ਦੇ ਕਾਰਣ ਪੜਾਈ ਬਾਰੇ ਚਿੰਤਾ, ਸਾਥੀਆਂ ਨਾਲ ਝਗੜੇ, ਸਕੂਲ ਵਿਚ ਕੋਈ ਪਰੇਸ਼ਾਨੀ ਜਾਂ ਫਿਰ ਕਿਸੇ ਕਿੱਸਮ ਦੀ ਨਿਰਾਸ਼ਾ ਵੀ ਹੋ ਸਕਦੀ ਹੈ।

**ਮਾਪੇ ਜਾਂ ਸੰਭਾਲਕ** ਸਕੂਲ ਦੇ ਸਲਾਹਕਾਰ ਕੋਲੋਂ ਕਈ ਤਰ੍ਹਾ ਦੀ ਪੁਛ ਗਿਛ ਕਰ ਸਕਦੇ ਹਨ, ਜਿਵੇਂ ਕਿ ਆਪਣੇ ਬੱਚੇ ਦੀ ਪੜਾਈ ਵਿਚ ਕੀਤੀ ਜਾ ਰਹੀ ਤਰੱਕੀ ਬਾਰੇ, ਪੜਾਈ ਦੀਆਂ ਚੋਣਾ ਬਾਰੇ, ਜਿਸ ਵਿਚ ਖਾਸ ਵਿਦਿਅਕ ਸੇਵਾਂਵਾਂ ਵੀ ਹਨ, ਜਾਂ ਫਿਰ ਬੱਚੇ ਦੇ ਰਵੱਈਏ ਬਾਰੇ। ਉਹ ਹੋਰਨਾਂ ਸੰਗਠਨਾਂ ਬਾਰੇ ਵੀ ਜਾਣਕਾਰੀ ਲੈ ਸਕਦੇ ਹਨ।

ਉਨ੍ਹਾ ਵਿਦਿਆਰਥੀਆਂ ਨੂੰ ਛੱਡ ਜਿਹੜੇ ਆਪੇ ਹੀ ਸਕੂਲ ਸਲਾਹਕਾਰ ਨਾਲ ਸੰਪਰਕ ਕਰਦੇ ਹਨ, ਮਾਪੇ ਜਾਂ ਸੰਭਾਲਕਾਂ ਦਾ ਸਕੂਲ ਸਲਾਹਕਾਰ ਨਾਲ ਮੁਢ ਤੋਂ ਹੀ ਸੰਪਰਕ ਬਣਿਆ ਰਹਿੰਦਾ ਹੈ। ਕਿਸੇ ਮਨੋਵਿਗਿਆਨਕ ਪ੍ਰੀਖਿਆ ਤੋਂ ਪਹਿਲਾਂ ਉਨ੍ਹਾ ਦੀ ਆਗਿਆ ਦੀ ਲੋੜ ਹੈ।

ਭਾਂਵੇਂ ਉਹ ਵਿਦਿਆਰਥੀਆਂ, ਮਾਪਿਆਂ, ਸੰਭਾਲਕਾਂ ਜਾਂ ਅਧਿਆਪਕਾਂ ਨਾਲ ਕੰਮ ਕਰਦੇ ਹੋਣ, ਸਕੂਲ ਸਲਾਹਕਾਰਾਂ ਨੂੰ ਸਮਝਾਉਣ ਦੀ ਲੋੜ ਹੁੰਦੀ ਹੈ ਕਿ ਉਹ ਕਿੱਸ ਤਰੀਕੇ ਨਾਲ ਕੰਮ ਕਰ ਰਹੇ ਹਨ। ਓਹ ਧਿਆਨ ਨਾਲ ਸੁਣਦੇ ਵੀ ਹਨ ਕਿ ਕੀ ਕਿਹਾ ਜਾ ਰਿਹਾ ਹੈ, ਅਤੇ ਚੋਣਾ ਬਾਰੇ ਚੰਗੀ ਤਰ੍ਹਾ ਸਮਝਾਉਦੇ ਹਨ। ਉਨ੍ਹਾ ਨੂੰ ਮਾਪਿਆਂ ਨਾਲ ਰਲ ਕੇ ਫੈਂਸਲੇ ਤੇ ਪੁਜਣਾ ਪੈਂਦਾ ਹੈ।

## ਗੁਪਤ ਰੱਖਣ ਦੀ ਲੋੜ
## Confidentiality

ਸਕੂਲ ਸਲਾਹਕਾਰੀ ਇਕ ਗੁਪਤ ਸੇਵਾ ਹੈ ਅਤੇ ਸਕੂਲ ਸਲਾਹਕਾਰਾਂ ਨੂੰ ਕੋਈ ਵੀ ਜਾਣਕਾਰੀ (ਜਿਵੇਂ ਪੜਾਈ ਸਬੰਧਤ ਮੁਸ਼ਕਲਾਂ ਦੇ ਨਤੀਜੇ) ਕਿਸੇ ਨੂੰ ਦੇਣ ਤੋਂ ਪਹਿਲਾਂ ਵਿਦਿਆਰਥੀਆਂ, ਮਾਪਿਆਂ ਜਾਂ ਸੰਭਾਲਕਾਂ ਤੋ ਇਜਾਜਤ ਲੈਣੀ ਜ਼ਰੂਰੀ ਹੈ। ਇਹ ਹਮੇਸ਼ਾਂ ਗੁਪਤ ਰੱਖੇ ਜਾਣਗੇ ਸਿਵਾਏ ਉਸ ਸਥਿਤੀ ਦੇ ਜਦੋਂ ਕਿਸੇ ਅਦਾਲਤ ਨੇ ਇਨ੍ਹਾ ਦੀ ਮੰਗ ਕੀਤੀ ਹੋਵੇ, ਮਿਸਾਲ ਵਜੋਂ ਚਾਇਲਡ ਪ੍ਰੋਟੈਕਸ਼ਨ ਏਜੰਸੀ। ਇਹ ਉਸ ਕਿਸੇ ਸਥਿਤੀ ਵਿਚ ਵੀ ਗੁਪਤ ਨਹੀਂ ਰੱਖੇ ਜਾਣਗੇ ਜਿਥੇ ਇਨ੍ਹਾ ਦੇ ਗੁਪਤ ਰੱਖੇ ਜਾਣ ਨਾਲ ਕਿਸੇ ਨੂੰ ਕੋਈ ਭਾਰੀ ਨੁਕਸਾਨ ਪੁਜੇ।

## ਹਵਾਲਾ ਦੇਣਾ
## Referral

ਸਕੂਲ ਸਲਾਹਕਾਰ ਹਰ ਰੋਜ਼ ਹਰੇਕ ਸਕੂਲ ਵਿਚ ਨਹੀਂ ਹੁੰਦੇ। ਮਾਪਿਆਂ ਜਾਂ ਸੰਭਾਲਕਾਂ ਨੂੰ ਸਕੂਲ ਫੋਨ ਕਰਕੇ ਮਿਲਣ ਦਾ ਵਕਤ ਨਿਯੁਕਤ ਕਰ ਲੈਣਾ ਚਾਹੀਦਾ ਹੈ।

ਸਕੂਲਾਂ ਦਿਆਂ ਪ੍ਰਬੰਧਾਂ ਅਨੁਸਾਰ ਵਿਦਿਆਰਥੀਆਂ ਨੂੰ ਦੱਸਿਆ ਜਾਵੇਗਾ ਕਿ ਉਹ ਕਿਵੇਂ ਸਕੂਲ ਸਲਾਹਕਾਰ ਨੂੰ ਮਿੱਲ ਸਕਦੇ ਹਨ।

ਸਕੂਲ ਸਲਾਹਕਾਰ ਦੇ ਵਕਤ ਲਈ ਤਰਜੀਹ ਦਾ ਫੈਂਸਲਾ ਸਕੂਲ ਦਾ ਮੁਖ ਅਧਿਆਪਕ ਸਕੂਲ ਸਲਾਹਕਾਰ ਦੀ ਰਾਏ ਲੈਣ ਬਾਦ ਕਰੇਗਾ।

All content copyright
NSW Department of Education and Training
©2001